“ਪਾਕੀ ਸਫ਼ਾਈ ਇਮਾਨ ਦਾ ਅੱਧਾ ਹੈ। ‘ਅਲਹਮਦੁ ਲਿੱਲਾਹ’ (ਅੱਲਾਹ ਦੀ ਸਤਾਈਸ਼) ਤੱਕੜੀ ਨੂੰ ਭਰ ਦੇਂਦੀ ਹੈ। ਅਤੇ ‘ਸੁਭਾਨਅੱਲਾਹ’ ਤੇ ‘ਅਲਹਮਦੁ ਲਿੱਲਾਹ’ ਅਸਮਾਨ ਅਤੇ ਧਰਤੀ ਦੇ ਦਰਮਿਆਨ ਨੂੰ ਭਰ ਦੇਂਦੀਆਂ ਹਨ। ਨਮਾਜ਼ ਰੋਸ਼ਨੀ ਹੈ। ਸਦਕਾ ਦਲੀਲ ਹੈ। ਸਬਰ ਚਮਕਦਾਰ ਰੋਸ਼ਨੀ ਹੈ। ਕੁਰਆਨ ਤੇਰੇ ਹੱਕ ਵਿਚ ਜਾਂ ਤੇਰੇ ਖ਼ਿਲਾਫ਼ ਹੱਜਤ ਹੈ। ਹਰ ਇਨਸਾਨ ਸਵੇਰੇ ਨਿਕਲਦਾ ਹੈ, ਫਿਰ ਆਪਣੀ ਜਾਨ ਨੂੰ ਜਾਂ ਤਾਂ ਆਜ਼ਾਦ ਕਰਦਾ ਹੈ ਜਾਂ ਉਸਨੂੰ ਹਲਾਕ ਕਰਦਾ ਹੈ।”

“ਅਬੂ ਮਾਲਿਕ ਹਾਰਿਸ ਬਿਨ ਆਸਿਮ ਅਸ਼ਅਰੀ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਰਸੂਲੁੱਲਾਹ صلى الله عليه وسلم ਨੇ ਫਰਮਾਇਆ।” “ਪਾਕੀ ਸਫ਼ਾਈ ਇਮਾਨ ਦਾ ਅੱਧਾ ਹੈ। ‘ਅਲਹਮਦੁ ਲਿੱਲਾਹ’ (ਅੱਲਾਹ ਦੀ
ਸਤਾਈਸ਼) ਤੱਕੜੀ ਨੂੰ ਭਰ ਦੇਂਦੀ ਹੈ। ਅਤੇ ‘ਸੁਭਾਨਅੱਲਾਹ’ ਤੇ ‘ਅਲਹਮਦੁ ਲਿੱਲਾਹ’ ਅਸਮਾਨ ਅਤੇ ਧਰਤੀ ਦੇ ਦਰਮਿਆਨ ਨੂੰ ਭਰ ਦੇਂਦੀਆਂ ਹਨ। ਨਮਾਜ਼ ਰੋਸ਼ਨੀ ਹੈ। ਸਦਕਾ ਦਲੀਲ ਹੈ। ਸਬਰ ਚਮਕਦਾਰ ਰੋਸ਼ਨੀ ਹੈ।
ਕੁਰਆਨ ਤੇਰੇ ਹੱਕ ਵਿਚ ਜਾਂ ਤੇਰੇ ਖ਼ਿਲਾਫ਼ ਹੱਜਤ ਹੈ। ਹਰ ਇਨਸਾਨ ਸਵੇਰੇ ਨਿਕਲਦਾ ਹੈ, ਫਿਰ ਆਪਣੀ
ਜਾਨ ਨੂੰ ਜਾਂ ਤਾਂ ਆਜ਼ਾਦ ਕਰਦਾ ਹੈ ਜਾਂ ਉਸਨੂੰ ਹਲਾਕ ਕਰਦਾ ਹੈ।” [صحيح] [رواه مسلم]

ਨਬੀ ਕਰੀਮ صلى الله عليه وسلم ਇਸ ਹਦੀਸ ਵਿੱਚ ਦੱਸਦੇ ਹਨ ਕਿ ਸ਼ਰੀਰ ਦੇ ਬਾਹਰਲੀ ਪਾਕੀ ਵੁਜ਼ੂ ਅਤੇ ਗੁਸਲ ਰਾਹੀਂ ਪ੍ਰਾਪਤ ਹੁੰਦੀ ਹੈ, ਅਤੇ ਇਹ ਪਾਕੀ ਨਮਾਜ਼ ਦੀ ਇੱਕ ਸ਼ਰਤ ਹੈ। 'ਅਲਹਮਦੁ ਲਿੱਲਾਹ' ਕਹਿਣਾ — ਜੋ ਕਿ ਅੱਲਾਹ ਤਆਲਾ ਦੀ ਸੰਪੂਰਨ ਪ੍ਰਸ਼ੰਸਾ ਨਾਲ ਉਸਦੀ ਸਿਫਤਾਂ ਦਾ ਸਿਮਰਨ ਹੈ — ਕ਼ਿਆਮਤ ਦੇ ਦਿਨ ਤੋਲਿਆ ਜਾਵੇਗਾ ਅਤੇ ਨੇਕ ਅਮਲਾਂ ਦੇ ਤਰਾਜੂ ਨੂੰ ਭਰ ਦੇਵੇਗਾ। 'ਸੁਬਹਾਨ ਅੱਲਾਹ ਤੇ ਅਲਹਮਦੁ ਲਿੱਲਾਹ' ਦੋਵੇਂ ਇਕੱਠੇ ਕਹਿਣਾ — ਜੋ ਕਿ ਅੱਲਾਹ ਨੂੰ ਹਰ ਪ੍ਰਕਾਰ ਦੇ ਔਗੁਣ ਤੇ ਕਮੀ ਤੋਂ ਪਾਕ ਮੰਨਣਾ ਅਤੇ ਉਸਦੀ ਸ਼ਾਨ ਦੇ ਮੁਤਾਬਿਕ, ਉਸ ਨਾਲ ਕੀਤੀ ਜਾਣ ਵਾਲੀ ਮੁਹੱਬਤ ਨਾਲ ਉਸਦੀਆਂ ਸੰਪੂਰਨ ਪ੍ਰਸ਼ੰਸਾਵਾਂ ਤੇ ਸਿਫਤਾਂ ਦਾ ਸਿਮਰਨ ਕਰਨਾ ਹੈ—। ਇਹ ਦੋਵੇਂ ਜ਼ਿਕਰ (ਸਿਮਰਨ) ਅਸਮਾਨਾਂ ਅਤੇ ਧਰਤੀ ਵਿਚਕਾਰ ਜੋ ਕੁਝ ਵੀ ਹੈ, ਉਸ ਨੂੰ ਭਰ ਦਿੰਦੇ ਹਨ। "ਨਮਾਜ਼ ਨੂਰ ਹੈ" ਭਾਵ ਜੋ ਬੰਦੇ ਦੇ ਦਿਲ, ਉਸਦੇ ਚਿਹਰੇ, ਉਸਦੀ ਕਬਰ, ਅਤੇ ਕ਼ਿਆਮਤ ਦੇ ਦਿਨ ਉਸ ਦੀ ਰਾਹ ਨੂੰ ਰੌਸ਼ਨ ਕਰਦੀ ਹੈ। "ਸਦਕਾ ਸਬੂਤ ਹੈ" ਭਾਵ ਇਹ ਈਮਾਨ ਵਾਲੇ ਦੀ ਸੱਚਾਈ ਦੇ ਨਾਲ-ਨਾਲ ਉਸਦੇ ਮੁਨਾਫਿਕਾਂ ਤੋਂ ਵੱਖਰੇ ਹੋਣ ਦਾ ਸਬੂਤ ਹੈ, ਕਿਉਂਕਿ ਉਹ ਮੁਨਾਫ਼ਿਕ ਸਦਕੇ ਦੇ ਬਦਲੇ ਇਨਾਮ ਮਿਲਣ 'ਤੇ ਈਮਾਨ ਨਹੀਂ ਰੱਖਦਾ। "ਸਬਰ ਚਮਕਦਾਰ ਉਜਾਲਾ ਹੈ" ਭਾਵ ਸਬਰ ਮਨ ਨੂੰ ਭਟਕਣ ਅਤੇ ਗੁੱਸਾ ਹੋਣ ਤੋਂ ਰੋਕਦਾ ਹੈ। ਇਹ ਇੱਕ ਇਹੋ ਜਿਹੀ ਰੋਸ਼ਨੀ ਹੁੰਦੀ ਹੈ ਜਿਸ ਵਿੱਚ ਗਰਮੀ ਅਤੇ ਜਲਾਉਣ ਦੀ ਤਾਕਤ ਹੁੰਦੀ ਹੈ, ਜਿਵੇਂ ਕਿ ਸੂਰਜ ਦਾ ਉਜਾਲਾ। ਸਬਰ ਨੂੰ ਉਜਾਲਾ ਇਸ ਲਈ ਕਿਹਾ ਗਿਆ ਹੈ ਕਿਉਂਕਿ ਸਬਰ ਕਰਨਾ ਔਖਾ ਹੁੰਦਾ ਹੈ ਅਤੇ ਇਸ ਵਿੱਚ ਮਨ ਨਾਲ ਲੜਕੇ ਉਸਦੀਆਂ ਇੱਛਾਵਾਂ ਨੂੰ ਰੋਕਣਾ ਪੈਂਦਾ ਹੈ। ਸਬਰ ਕਰਨ ਵਾਲਾ ਵਿਅਕਤੀ ਹਮੇਸ਼ਾ ਸੱਚਾਈ ਦੇ ਰੋਸ਼ਨ ਰਸਤੇ 'ਤੇ ਚਲਦਾ ਰਹਿੰਦਾ ਹੈ। ਇੱਥੇ ਸਬਰ ਕਰਨ ਵਿੱਚ ਅੱਲਾਹ ਦੀ ਆਗਿਆ ਦਾ ਪਾਲਣ ਕਰਨਾ, ਉਸ ਦੀ ਮਨਾਹੀਆਂ ਤੋਂ ਬਚਣਾ ਅਤੇ ਦੁਨੀਆ ਵਿੱਚ ਆਉਣ ਵਾਲੀਆਂ ਮੁਸੀਬਤਾਂ ਤੇ ਮੁਸ਼ਕਿਲਾਂ ਦਾ ਡਟਕੇ ਸਾਹਮਣਾ ਕਰਨਾ ਸ਼ਾਮਲ ਹੈ। "ਕੁਰਆਨ ਤੇਰੇ ਹੱਕ ਵਿੱਚ ਹੁੱਜਤ ਹੈ" —ਜੇਕਰ ਤੂੰ ਉਸਨੂੰ ਪੜ੍ਹੇਂ ਅਤੇ ਉਸ 'ਤੇ ਅਮਲ ਕਰੇ, ਜਾਂ "ਕੁਰਆਨ ਤੇਰੇ ਵਿਰੁੱਧ ਹੁੱਜਤ ਹੈ" — ਜੇਕਰ ਤੂੰ ਉਸ ਨੂੰ ਛੱਡ ਦੇਵੇਂ, ਨਾ ਹੀ ਉਸਨੂੰ ਪੜ੍ਹੇਂ ਅਤੇ ਨਾ ਹੀ ਉਸ 'ਤੇ ਅਮਲ ਕਰੇ। ਫੇਰ ਨਬੀ ਕਰੀਮ صلى الله عليه وسلم ਨੇ ਦੱਸਿਆ ਕਿ ਹਰੇਕ ਇਨਸਾਨ ਸਵੇਰੇ ਉੱਠਦਾ ਹੈ ਅਤੇ ਆਪਣੇ ਘਰੋਂ ਨਿੱਕਲ ਕੇ ਵੱਖ-ਵੱਖ ਕੰਮਾਂ ਵਿੱਚ ਰੁੱਝ

https://sunnah.global/hadeeth/pa/show/66526